## ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਦੁਰਵਰਤੋਂ ਸੰਬੰਧੀ ਵਸੀਲੇ

ਐਮਰਜੈਂਸੀ ਹਾਲਤ ........................................................ 911

ਖੁਦਕਸ਼ੀ ਲਾਈਨ ...................................... 1.800.784.2433

ਫਰੇਜ਼ਰ ਹੈਲਥ ਕਰਾਈਸਿਸ ਲਾਈਨ ................... 604.951.8855

ਅਰਜੈਂਟ ਕੇਅਰ ਤੇ ਰਿਸਪੌਂਸ ਸੈਂਟਰ ਸਰੀ............ 604.953.6200

ਅਲਕੋਹਲਿਕਸ ਐਨੌਨੀਮਸ 24/7 .................. 604.660.9382

ਨਾਰਕੋਟਿਕਸ ਐਨੌਨੀਮਸ-24/7...................... 604.873.1018

ਕਰੀਕਸਾਈਡ ਡੀਟੌਕਸ ................................ 604.587.3755

ਕਰੀਕਸਾਈਡ ਡੇਟੌਕਸ ................................. 604.585.5610

ਰੋਸ਼ਨੀ ਕਲਿਨਿਕ
(ਪੰਜਾਬੀ/ਹਿੰਦੀ ਵਿਚ ਸੇਵਾਵਾਂ) ....................... 604.953.6190




*ਮਾਰਚ 2023*

*ਚੈਰੀਟੇਬਲ ਰਜਿਸਟ੍ਰੇਸ਼ਨ #811786227 ਆਰ ਆਰ0001*

## ਸਾਨੂੰ ਕਿੱਥੇ ਮਿਲ ਸਕਦੇ ਹੋ

ਆਪਸ਼ਨਜ਼ ਕਮਿਉਨਿਟੀ ਸਰਵਿਸਜ਼
ਨਿਊਟਨ ਆਫਿਸ
101 13583 - 81 ਐਵਨਿਊ
ਸਰੀ, ਬੀ.ਸੀ V3W 3V8
ਫੋਨ. 604.596.4321/ਫੈਕਸ. 604.572.7413

## ਸਾਡੇ ਨਾਲ ਕਿਵੇਂ ਸੰਪਰਕ ਕੀਤਾ ਜਾਵੇ

**ਪ੍ਰੋਗਰਾਮ ਮੈਨੇਜਰ**

Brittany Atkinson

brittany.atkinson@options.bc.ca

ਫੋਨ. 604.830.7639

**ਮੈਡੀਕਲ ਆਫਿਸ ਅਸਿਸਟੈਂਟ:**

ਫੋਨ. 604.596.4321 ਐਕਸਟੈਂਸ਼ਨ 21114

home.detox@options.bc.ca

ਘਰ ਤੇ ਅਧਾਰਿਤ ਨਸ਼ੇ ਛੁਡਾਊ
ਮਦਦ ਅਤੇ ਡੀਟੌਕਸ ਪ੍ਰੋਗਰਾਮ

options COMMUNITY SERVICES

www.options.bc.ca

*Printed on FSC Certified, 50% recycled paper, made with 25% post-consumer fibres and processed chlorine and acid free*

# ਘਰ ਤੇ ਅਧਾਰਿਤ ਨਸ਼ੇ ਛੁਡਾਊ ਮਦਦ ਅਤੇ ਡੀਟੌਕਸ ਪ੍ਰੋਗਰਾਮ



options COMMUNITY SERVICES

PUNJABI - : May 2023

Building community.
Inspiring hope.

# *ਘਰ ਤੇ ਅਧਾਰਿਤ ਨਸ਼ੇ ਛੁਡਾਊ ਮਦਦ ਅਤੇ ਡੀਟੌਕਸ ਪ੍ਰੋਗਰਾਮ*

## ਸਾਡੇ ਬਾਰੇ

ਸਾਡਾ ਪ੍ਰੋਗਰਾਮ ਅਜਿਹੇ ਵਿਅਕਤੀਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਹੜੇ ਕਿ ਨਸ਼ਿਆਂ (ਸ਼ਰਾਬ, ਅਫੀਮ, ਅਤੇ ਹੈਰੋਇਨ) ਤੋਂ ਪੀੜਤ ਹਨ। ਉਹ ਆਪਣੇ ਘਰ ਵਿਚ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਰਹਿ ਕੇ ਨਸ਼ਾ ਛੱਡਣ ਲਈ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਰਾਜ਼ੀ ਹਨ। ਸਾਡੀਆਂ ਸੇਵਾਵਾਂ ਥੋੜ੍ਹੇ ਸਮੇਂ ਤੁਹਾਡੇ ਘਰ ਵਿਚ ਆ ਕੇ ਤੁਹਾਡੀ ਸਹਾਇਤਾ ਕਰਦੀਆਂ ਹਨ। ਸਾਡੀ ਟੀਮ ਵਿਚ ਨਸ਼ਿਆਂ ਦੇ ਡਾਕਟਰ, ਨਰਸਾਂ, ਕੌਂਸਲਰ ਅਤੇ ਹੋਰ ਮਾਹਿਰ ਹਨ। ਅਸੀਂ ਸਰੀ, ਡੈਲਟਾ, ਵਾਈਟ ਰੌਕ ਅਤੇ ਲੈਂਗਲੀ ਦੇ ਇਲਾਕਿਆਂ ਵਿਚ ਸੇਵਾਵਾਂ ਦੇ ਰਹੇ ਹਾਂ।

ਅਸੀਂ ਸੱਭਿਆਚਾਰਕ ਤੌਰ ਤੇ ਢੁਕਵੀਂ ਦੇਖ-ਭਾਲ ਅਤੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਸੇਵਾਵਾਂ ਦਿੰਦੇ ਹਾਂ।




## ਰੈਫਰਲ/ਦਾਖਲਾ

ਤੁਸੀਂ ਆਪਣੇ ਆਪ ਵੀ ਰੈਫਰ ਕਰ ਸਕਦੇ ਹੋ ਜਾਂ ਕੋਈ ਵਿਅਕਤੀ ਆਪਣੇ ਕਿਸੇ ਜਾਣਕਾਰ ਦੀ ਤਰਫੋਂ ਪੁੱਛ-ਗਿੱਛ ਕਰ ਸਕਦਾ ਹੈ। ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਹਿੱਸਾ ਲੈਣ ਵਾਲੇ ਦੀ ਸਹਿਮਤੀ ਲੋੜੀਂਦੀ ਹੈ। ਸਾਡੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਤੁਹਾਨੂੰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ:

- ਉਮਰ 19 ਸਾਲ ਜਾਂ ਇਸਤੋਂ ਵੱਧ ਹੋਵੇ
- ਪਹਿਲੇ 72 ਘੰਟੇ ਤੁਹਾਡੀ ਦੇਖ-ਭਾਲ ਕਰਨ ਲਈ ਘਰ ਵਿਚ ਹੋਣਾ ਜ਼ਰੂਰੀ ਹੈ
- ਮੈਡੀਕਲ ਲੋੜਾਂ ਪੂਰੀਆਂ ਕਰਦਾ ਹੋਵੇ



***ਕ੍ਰਿਪਾ ਕਰਕੇ ਯੋਗਤਾ ਬਾਰੇ ਹੋਰ ਜਾਣਕਾਰੀ ਲਈ ਸੰਪਰਕ ਕਰੋ।***

ਤੁਸੀਂ ਹੇਠ ਲਿਖੇ ਤਰੀਕਿਆਂ ਨਾਲ ਸੰਪਰਕ ਕਰ ਸਕਦੇ ਹੋ:

1. ਟੈਲੀਫੋਨ ਦੁਆਰਾ 604-596-4321, ਐਕਸਟੈਂਸ਼ਨ 21160
2. ਈਮੇਲ ਰਾਹੀਂ home.detox@options.bc.ca
3. ਸਾਡੀ ਵੈੱਬਸਾਈਟ ਰਾਹੀਂ https://www.options.bc.ca/

## ਸਾਡੀਆਂ ਸੇਵਾਵਾਂ ਕਿਵੇਂ ਕੰਮ ਕਰਦੀਆਂ ਹਨ

1. ਤੁਹਾਡੀ ਜਾਣਕਾਰੀ ਭੇਜਣ ਤੋਂ ਬਾਅਦ ਸਾਡੀ ਮੈਡੀਕਲ ਆਫਿਸ ਅਸਿਸਟੈਂਟ 72 ਘੰਟਿਆਂ ਅੰਦਰ ਤੁਹਾਡੇ ਨਾਲ ਸੰਪਰਕ ਕਰੇਗੀ।
2. ਤੁਹਾਨੂੰ ਪ੍ਰੋਗਰਾਮ ਵਿਚ ਦਾਖਲ ਕਰਨ ਲਈ ਤੁਹਾਡੇ ਤੋਂ ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਲਈ ਜਾਵੇਗੀ।
3. ਤੁਹਾਡਾ ਕੇਸ ਇਕ ਨਰਸ ਨੂੰ ਦਿੱਤਾ ਜਾਵੇਗਾ ਜੋ ਤੁਹਾਨੂੰ ਮਿਲ ਕੇ ਮੁੱਢਲੀ ਜਾਣਕਾਰੀ ਹਾਸਲ ਕਰੇਗੀ।
4. ਮਾਨਸਿਕ ਸੇਵਾਵਾਂ ਲਈ ਤੁਹਾਨੂੰ ਕਾਉਂਸਲਰ ਸੰਪਰਕ ਕਰੇਗਾ।
5. ਤੁਹਾਨੂੰ ਤੁਹਾਡੇ ਪਰਿਵਾਰ ਅਤੇ/ਜਾਂ ਸਹਾਇਤਾ ਕਰਨ ਵਾਲਿਆਂ ਦੇ ਨਾਲ ਵਸੀਲੇ ਅਤੇ ਸਿੱਖਿਆ ਦਿੱਤੇ ਜਾਣਗੇ।

## ਨਸ਼ਾ ਛੱਡਣ ਦੀ ਕਿਰਿਆ ਲਈ ਮਦਦ

ਅਸੀਂ ਤੁਹਾਡੀ ਸਹੂਲਤ ਲਈ ਵੱਖ ਵੱਖ ਤਰਾਂ ਦੇ ਉਪਾਅ ਦੱਸਦੇ ਹਾਂ ਤਾਂ ਜੋ ਤੁਸੀਂ ਨਸ਼ੇ ਦੀ ਤੋਟ ਦੇ ਲੱਛਣਾਂ ਨਾਲ ਨਿਪਟ ਸਕੋ। ਨਸ਼ਾ ਛੱਡਣ ਦੀ ਪ੍ਰਕਿਰਿਆ ਦੌਰਾਨ ਮਦਦ ਵਜੋਂ ਅਸੀਂ ਕੁਝ ਦਵਾਈਆਂ ਦੇ ਸਕਦੇ ਹਾਂ ਜੋ ਤੁਹਾਡੀ ਤਕਲੀਫ ਨੂੰ ਘੱਟ ਕਰਨ। ਪਹਿਲੇ ਤਿੰਨ ਦਿਨ ਹਰ ਰੋਜ਼ ਨਰਸਾਂ ਅਤੇ ਆਊਟਰੀਚ ਵਰਕਰ ਤੁਹਾਡੇ ਘਰ ਆ ਕੇ ਤੁਹਾਡੀ ਮਦਦ ਕਰਨਗੇ।

ਜਦੋਂ ਬੇਅਰਾਮੀ ਦੇ ਲੱਛਣ ਘੱਟ ਹੋਣੇ ਸ਼ੁਰੂ ਹੋ ਗਏ ਤਾਂ ਅਸੀਂ ਕੌਂਸਲਿੰਗ ਸੇਵਾਵਾਂ ਅਤੇ ਗੁਰੱਪ ਕੌਂਸਲਿੰਗ/ਮਦਦ ਦੇਵਾਂਗੇ।